

# ਇਹ ਜਾਣੋ ਕਿ ਤੁਸੀਂ ਆਪਣੇ 2 ਸਾਲਾਂ ਦੇ ਬੱਚੇ ਲਈ ਵਿੱਤੀ ਮਦਦ ਵਾਲੀ ਬਾਲ-ਦੇਖਭਾਲ ਦਾ ਕਿਵੇਂ ਲਾਭ ਲੈ ਸਕਦੇ ਹੋ

- ਹਫ਼ਤੇ ਵਿੱਚ 15 ਘੰਟੇ ਤੱਕ
- ਸਾਲ ਵਿੱਚ 38 ਹਫ਼ਤੇ

# ਜੇ ਤੁਸੀਂ ਇਹਨਾਂ ਵਿੱਚੋਂ ਇੱਕ ਜਾਂ ਵੱਧ ਲਾਭ ਜਾਂ ਕ੍ਰੈਡਿਟ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ ਆਪਣੇ 2 ਸਾਲਾਂ ਬੱਚੇ ਲਈ ਵਿੱਤੀ ਮਦਦ ਵਾਲੀ ਬਾਲ-ਦੇਖਭਾਲ ਦਾ ਲਾਭ ਲੈਣ ਦੇ ਯੋਗ ਹੋ ਸਕਦੇ ਹੋ:

- ਆਮਦਨੀ ਸਹਾਇਤਾ
- ਆਮਦਨੀ ਅਧਾਰਤ ਨੌਕਰੀ ਲੱਭਣ ਵਾਲਿਆਂ ਲਈ ਭੱਤਾ (Job Seekers Allowance)
- ਆਮਦਨੀ ਨਾਲ ਸੰਬੰਧਿਤ ਰੁਜ਼ਗਾਰ ਅਤੇ ਸਹਾਇਤਾ ਭੱਤਾ (Employment and Support Allowance)
- ਇਮੀਗ੍ਰੇਸ਼ਨ ਅਤੇ ਸ਼ਰਣ ਐਕਟ 1999 (Immigration and Asylum Act 1999) ਦੇ ਭਾਗ VI ਦੇ ਤਹਿਤ ਸਹਾਇਤਾ
- ਸਟੇਟ ਪੈਨਸ਼ਨ ਕ੍ਰੈਡਿਟ (State Pension Credit) ਦਾ ਗਾਰੰਟੀ ਤੱਤ
- ਚਾਈਲਡ ਟੈਕਸ ਕ੍ਰੈਡਿਟ (Child Tax Credit) ਜਾਂ ਵਰਕਿੰਗ ਟੈਕਸ ਕ੍ਰੈਡਿਟ (Working Tax Credit), ਜੇ ਤੁਹਾਡੀ ਸਾਲਾਨਾ ਪਰਿਵਾਰਕ ਆਮਦਨ £16,190 ਤੋਂ ਘੱਟ ਹੈ
- ਯੂਨੀਵਰਸਲ ਕ੍ਰੈਡਿਟ (Universal Credit) ਜੇ ਤੁਹਾਡੀ ਸਾਲਾਨਾ ਸ਼ੁੱਧ ਕਮਾਈ £15,400 ਜਾਂ ਇਸ ਤੋਂ ਘੱਟ ਹੈ

ਜਾਂ

- ਬੱਚੇ ਦੀ ਸਥਾਨਕ ਅਥਾਰਟੀ ਵੱਲੋਂ ਦੇਖਭਾਲ ਕੀਤੀ ਜਾ ਰਹੀ ਹੈ
- ਬੱਚਾ, ਵਿਸ਼ੇਸ਼ ਸਰਪ੍ਰਸਤੀ ਜਾਂ ਗੋਦ ਲੈਣ ਜਾਂ ਬੱਚੇ ਦੀ ਵਿਵਸਥਾ ਦੇ ਆਦੇਸ਼ ਮੁਤਾਬਕ ਦੇਖਭਾਲ ਵਿੱਚੋਂ ਚਲਾ ਗਿਆ ਹੈ
- ਬੱਚੇ ਨੂੰ ਵਰਤਮਾਨ ਵਿੱਚ ਵਿਸ਼ੇਸ਼ ਵਿਦਿਅਕ ਲੋੜ (Special Educational Need), ਜਾਂ ਸਿੱਖਿਆ, ਸਿਹਤ ਅਤੇ ਦੇਖਭਾਲ ਯੋਜਨਾ (Education, Health and Care Plan) ਦੀ ਲੋੜ ਹੈ
- ਬੱਚਾ ਅਸਮਰੱਥਤਾ ਜੀਵਨ ਭੱਤੇ (Disability Living Allowance) ਲਈ ਯੋਗ ਹੈ

## ਸਿਤੰਬਰ 2022 ਤੋਂ ਵਾਧੂ ਵਿਸਤ੍ਰਿਤ ਮਾਪਦੰਡ:

- ਜੇ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਮੁਤਾਬਕ ਤੁਹਾਨੂੰ 'ਜਨਤਕ ਫੰਡਾਂ ਦਾ ਕੋਈ ਸਹਾਰਾ ਨਹੀਂ ਹੈ' ('no recourse to public funds'), ਤਾਂ ਤੁਸੀਂ ਆਪਣੇ 2 ਸਾਲਾਂ ਦੇ ਬੱਚੇ ਲਈ ਵਿੱਤੀ ਮਦਦ ਵਾਲੀ ਬਾਲ-ਦੇਖਭਾਲ ਦਾ ਲਾਭ ਲੈਣ ਦੇ ਯੋਗ ਹੋ ਸਕਦੇ ਹੋ ਜੇ ਤੁਸੀਂ:
  - ਇੰਗਲੈਂਡ ਵਿੱਚ ਰਹਿੰਦੇ ਹੋ ਅਤੇ ਤੁਹਾਡੀ ਸਾਲਾਨਾ ਪਰਿਵਾਰਕ ਆਮਦਨ ਇਸ ਤੋਂ ਵੱਧ ਨਹੀਂ ਹੈ:
    - ਲੰਡਨ ਤੋਂ ਬਾਹਰ ਇੱਕ ਬੱਚੇ ਵਾਲੇ ਪਰਿਵਾਰਾਂ ਲਈ £26,500
    - ਲੰਡਨ ਤੋਂ ਬਾਹਰ ਦੋ ਜਾਂ ਵੱਧ ਬੱਚਿਆਂ ਵਾਲੇ ਪਰਿਵਾਰਾਂ ਲਈ £30,600
  - £16,000 ਤੋਂ ਵੱਧ ਬੱਚਤਾਂ ਜਾਂ ਨਿਵੇਸ਼ ਨਹੀਂ ਹਨ

ਤੁਹਾਨੂੰ ਬਾਲਦੇਖਭਾਲ ਲਾਭ ਆਮ ਤੌਰ 'ਤੇ ਹਫ਼ਤੇ ਵਿੱਚ 15 ਘੰਟੇ, ਪ੍ਰਤੀ ਸਾਲ 38 ਹਫ਼ਤੇ ਤੱਕ ਮਿਲੇਗਾ।

ਇਸ ਨਾਲ ਤੁਹਾਨੂੰ ਮਦਦ ਅਤੇ ਸਲਾਹ ਲੈਣ ਲਈ ਢੁੱਕਵਾਂ ਸਮਾਂ ਮਿਲ ਸਕਦਾ ਹੈ, ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਅਤੇ ਤੁਹਾਡੇ ਲਈ ਉਪਲਬਧ ਸਿੱਖਿਆ ਅਤੇ ਸਿਖਲਾਈ ਦੇ ਮੌਕਿਆਂ ਦੀ ਪੜਚੋਲ ਕਰਨ ਵਿੱਚ ਮਦਦ ਮਿਲ ਸਕਦੀ ਹੈ।

## ਮੇਰਾ ਬੱਚਾ ਕਦੋਂ ਯੋਗ ਹੋਵੇਗਾ?

ਬੱਚੇ ਆਮ ਤੌਰ 'ਤੇ ਉਨ੍ਹਾਂ ਦੇ ਦੂਜੇ ਜਨਮਦਿਨ ਤੋਂ ਬਾਅਦ ਸਕੂਲੀ ਟਰਮ ਦੀ ਸ਼ੁਰੂਆਤ ਤੋਂ ਬਾਅਦ ਯੋਗ ਹੁੰਦੇ ਹਨ।

| ਬੱਚਿਆਂ ਦੀ ਜਨਮ-ਮਿਤੀ ਇਹਨਾਂ ਵਿਚਕਾਰ ਹੋਵੇ: | ਵਿੱਤੀ ਮਦਦ ਵਾਲੇ ਲਾਭ ਦਾ ਸ਼ੁਰੂਆਤੀ ਸਮਾਂ: |
|---|---|
| 1 ਜਨਵਰੀ – 31 ਮਾਰਚ | ਗਰਮੀਆਂ ਦਾ ਸਮਾਂ (ਸਮਰ ਟਰਮ) (1 ਅਪ੍ਰੈਲ ਤੋਂ) |
| 1 ਅਪ੍ਰੈਲ – 31 ਅਗਸਤ | ਪਤਝੜ ਸਮਾਂ (ਔਟਮ ਟਰਮ) (1 ਸਿਤੰਬਰ ਤੋਂ) |
| 1 ਸਿਤੰਬਰ – 31 ਦਸੰਬਰ | ਬਸੰਤ ਦਾ ਸਮਾਂ (ਸਪਰਿੰਗ ਟਰਮ) (1 ਜਨਵਰੀ ਤੋਂ) |



## ਅਕਸਰ ਪੁੱਛੇ ਜਾਂਦੇ ਸਵਾਲ

### ਮੇਰੇ ਲਈ ਭੁਗਤਾਨ ਕਿਵੇਂ ਕੀਤਾ ਜਾਵੇਗਾ?

ਤੁਹਾਡਾ ਬੱਚਾ ਜਿਸ ਬਾਲ-ਦੇਖਭਾਲ ਜਾਵੇਗਾ, ਉਸ ਨੂੰ ਸਿੱਧਾ ਭੁਗਤਾਨ ਕੀਤਾ ਜਾਵੇਗਾ। ਇਹ ਸਾਰੀਆਂ ਸੈਟਿੰਗਾਂ ਵਾਰਵਿਕਸ਼ਾਇਰ ਕਾਉਂਟੀ ਕੌਂਸਲ (Warwickshire County Council) ਅਤੇ ਆਫਸਟੇਡ (Ofsted) ਨਾਲ ਰਜਿਸਟਰਡ ਹਨ।

### ਮੈਂ ਕਿਵੇਂ ਅਪਲਾਈ ਕਰਾਂ?

ਤੁਸੀਂ www.warwickshire.gov.uk/childcarecosts 'ਤੇ ਔਨਲਾਈਨ ਅਪਲਾਈ ਕਰ ਸਕਦੇ ਹੋ, ਜਾਂ QR ਕੋਡ ਸਕੈਨ ਕਰ ਸਕਦੇ ਹੋ:

ਵਧੇਰੇ ਮਦਦ ਜਾਂ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਅਰਲੀ ਈਅਰਜ਼ ਐਂਟਾਈਟਲ ਟੀਮ (Early Years Entitlements Team) ਨਾਲ ਸੰਪਰਕ ਕਰੋ:

ਟੈਲੀਫ਼ੋਨ: 01926 742218 ਜਾਂ 01926 742233

ਈਮੇਲ: 2help@warwickshire.gov.uk
ਜਾਂ FIS (ਪਰਿਵਾਰਕ ਜਾਣਕਾਰੀ ਸੇਵਾ (Family Information Service))

ਟੈਲੀਫ਼ੋਨ: 01926 742274

ਈਮੇਲ: fis@warwickshire.gov.uk

### ਅਪਲਾਈ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਸਰਕਾਰ ਦੀ ਯੋਗਤਾ ਜਾਂਚ ਪ੍ਰਣਾਲੀ ਦੀ ਵਰਤੋਂ ਕਰਕੇ ਤੁਹਾਡੀ ਅਰਜ਼ੀ ਦੀ ਯੋਗਤਾ ਦੀ ਜਾਂਚ ਕੀਤੀ ਜਾਂਦੀ ਹੈ। ਜੇ ਤੁਸੀਂ ਯੋਗ ਹੁੰਦੇ ਹੋ, ਤਾਂ ਵਿੱਤੀ ਮਦਦ ਵਾਲੇ ਲਾਭ ਦੀ ਪੁਸ਼ਟੀ ਕਰਦਾ ਇੱਕ ਪੁਸ਼ਟੀਕਰਨ ਪੱਤਰ, ਜਿਸ ਵਿੱਚ ਤੁਹਾਡੇ EY ਵਾਊਚਰ ਕੋਡ ਦਾ ਵੇਰਵਾ ਦਿੱਤਾ ਗਿਆ ਹੁੰਦਾ ਹੈ, ਤੁਹਾਨੂੰ ਈਮੇਲ ਜਾਂ ਪੋਸਟ ਕੀਤਾ ਜਾਂਦਾ ਹੈ। ਤੁਹਾਨੂੰ ਤੁਹਾਡੇ ਖੇਤਰ ਦੀਆਂ 2 ਸਾਲਾਂ ਬੱਚੇ ਲਈ ਵਿੱਤੀ ਮਦਦ ਲਾਭ ਦਿੰਦਿਆਂ ਬਾਲ-ਦੇਖਭਾਲ ਸੈਟਿੰਗਾਂ ਦੀ ਇੱਕ ਸੂਚੀ ਵੀ ਭੇਜੀ ਜਾਵੇਗੀ। ਤੁਹਾਨੂੰ ਆਪਣੀ ਚੁਣੀ ਹੋਈ ਬਲਦੇਖਭਾਲ ਸੈਟਿੰਗ ਨੂੰ ਆਪਣਾ ਪੁਸ਼ਟੀਕਰਨ ਪੱਤਰ ਦਿਖਾਉਣਾ ਹੋਵੇਗਾ ਅਤੇ ਉਹਨਾਂ ਨੂੰ ਆਪਣਾ EY ਵਾਊਚਰ ਕੋਡ ਦੇਣਾ ਹੋਵੇਗਾ। ਜੇ ਤੁਹਾਡੀ ਯੋਗਤਾ ਦੀ ਪੁਸ਼ਟੀ ਨਹੀਂ ਕੀਤੀ ਜਾ ਸਕੀ ਹੈ, ਤਾਂ ਤੁਹਾਨੂੰ ਸਹਾਇਕ ਸਬੂਤ ਦੇਣ ਲਈ ਕਿਹਾ ਜਾਵੇਗਾ।

### ਜਾਣਕਾਰੀ ਸੰਬੰਧੀ ਤੁਹਾਡੇ ਅਧਿਕਾਰ

ਇਹ ਦੇਖਣ ਲਈ ਕਿ ਅਸੀਂ ਤੁਹਾਡੇ ਨਿੱਜੀ ਡੇਟਾ ਦੀ ਵਰਤੋਂ ਕਿਵੇਂ ਕਰਦੇ ਹਾਂ ਅਤੇ ਤੁਹਾਡੇ ਜਾਣਕਾਰੀ ਅਧਿਕਾਰ ਕੀ ਹਨ, ਕਿਰਪਾ ਕਰਕੇ www.warwickshire.gov.uk/privacy 'ਤੇ ਸਾਡੇ ਗਾਹਕ ਗੋਪਨੀਯਤਾ ਨੋਟਿਸ ਨੂੰ ਪੜ੍ਹੋ, ਇਸ ਵਿੱਚ ਸੰਪਰਕ ਵੇਰਵੇ ਦਿੱਤੇ ਗਏ ਹਨ ਜਿਹਨਾਂ ਦੀ ਵਰਤੋਂ ਕਰਕੇ ਤੁਸੀਂ ਜਾਣਕਾਰੀ ਅਧਿਕਾਰਾਂ ਸੰਬੰਧੀ ਸ਼ਿਕਾਇਤ ਕਰ ਸਕਦੇ ਹੋ। ਆਮ ਪੁੱਛਗਿੱਛ ਲਈ, ਵਾਰਵਿਕਸ਼ਾਇਰ ਕਾਉਂਟੀ ਕੌਂਸਲ ਗਾਹਕ ਸੇਵਾਵਾਂ ਨੂੰ 01926 410410 'ਤੇ ਸੰਪਰਕ ਕਰੋ।

ਅੱਪਡੇਟ ਦੀ ਮਿਤੀ: ਅਕਤੂਬਰ 2022

Warwickshire County Council